English as an Additional Language Service

## ਸਕੂਲ ਵਿੱਚ ਹਾਜ਼ਰੀ: ਪੇਰੈਂਟਸ ਲਈ ਗਾਈਡੈਂਸ (ਰਹਿਨੁਮਾਈ)

ਪੇਰੈਂਟਸ (ਮਾਤਾ–ਪਿਤਾ) ਹੋਣ ਨਾਤੇ ਤੁਸੀਂ ਸਮਝਦੇ ਹੀ ਹੋਵੋਗੇ ਕਿ ਬਹੁਤ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਬਾਕਾਇਦਾ ਤੌਰ ਤੇ ਸਕੂਲ ਜਾਂਦਾ ਹੈ ਅਤੇ ਸਮੇਂ ਸਿਰ ਜਾਂਦਾ ਹੈ। ਹਰ ਇਕ ਗੈਰ–ਹਾਜ਼ਰੀ ਨਾਲ ਬੱਚੇ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ਅਤੇ ਇਸ ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਸ਼ਾਇਦ ਉਹ ਜ਼ਰੂਰੀ ਪੜ੍ਹਾਈ ਪੂਰੀ ਨਾ ਕਰ ਸਕਣ। ਭਾਵੇਂ ਅਧਿਆਪਕ ਬੱਚਿਆਂ ਦੀ ਖੁੰਝੀ ਹੋਈਪੜ੍ਹਾਈ ਨੂੰ ਪੂਰੀ ਕਰਨ ਵਿੱਚ ਮਦਦ ਦੀ ਕੋਸ਼ਿਸ਼ ਕਰਦੇ ਹਨ, ਇਸ ਨਾਲ ਉਨ੍ਹਾਂ ਦਾ ਕੰਮ ਵੱਧ ਜਾਂਦਾ ਹੈ। ਜਦੋਂ ਵਿਦਿਆਰਥੀ ਲੇਟ ਹੁੰਦੇ ਹਨ ਤਾਂ ਇਸ ਕਾਰਣ ਲੈਸਨ (ਸਿੱਖਿਆ) ਵਿੱਚ ਵਿੱਘਣ ਪੈਂਦਾ ਹੈ। ਇਸ ਨਾਲ ਜ਼ਰੂਰੀ ਜਾਣਕਾਰੀ ਜਾਂ ਹਿਦਾਇਤਾਂ ਵੀ ਛੁੱਟ ਸਕਦੀਆਂ ਹਨ ਅਤੇ ਫੇਰ ਉਨ੍ਹਾਂ ਨੂੰ ਲੈਸਨ ਵਿੱਚ ਭਾਗ ਲੈਣਾ ਹੋਰ ਵੀ ਔਖਾ ਲਗਦਾ ਹੈ।

### ਡਾਕਟਰੀ ਜਾਂ ਆਥੋਰਾਈਜ਼ਡ (ਮਨਜ਼ੂਰਸ਼ੁਦਾ) ਕਾਰਨਾਂ ਵਾਲੀ ਗੈਰ–ਹਾਜ਼ਰੀ

ਜੇਕਰ ਤੁਹਾਡੇ ਬੱਚੇ ਨੂੰ ਡਾਕਟਰੀ ਜਾਂ ਹੋਰ ਜ਼ਰੂਰੀ ਕਾਰਨਾਂ ਕਰਕੇ ਸਕੂਲ ਤੋਂ ਗੈਰ–ਹਾਜ਼ਰ ਰਹਿਣਾ ਪੈਂਦਾ ਹੈ ਤਾਂ ਜ਼ਰੂਰੀ ਹੈ ਕਿ ਤੁਸੀਂ ਸਕੂਲ ਨਾਲ ਫੋਨ ਰਾਹੀਂ ਸੰਪਰਕ ਕਰੋ ਜਾਂ ਸਕੂਲ ਨੂੰ ਲਿੱਖ ਕੇ ਨੋਟ ਦੇ ਕੇ ਗੈਰ–ਹਾਜ਼ਰੀ ਦਾ ਕਾਰਨ ਸਪਸ਼ਟ ਕਰੋ। (ਤੁਹਾਡੇ ਬੱਚੇ ਦੇ ਸਕੂਲ ਵਿੱਚ ਗੈਰ–ਹਾਜ਼ਰੀ ਵਾਲੇ ਉਲਥਾ ਕੀਤੇ ਹੋਏ ਨੋਟ ਉਪਲਬਧ ਹਨ, ਤੁਸੀਂ ਉਸ ਨੂੰ ਭਰੋ ਅਤੇ ਵਾਪਸ ਭੇਜੋ) ਡਾਕਟਰੀ ਜਾਂ ਹੋਰ ਜ਼ਰੂਰੀ ਕਾਰਨਾਂ ਵਾਲੀਆਂ ਗੈਰ–ਹਾਜ਼ਰੀਆਂ ਨੂੰ 'ਆਥੋਰਾਈਜ਼ਡ ਐਬਸੈਂਸ' ਦੇ ਤੌਰ ਤੇ ਤੁਹਾਡੇ ਬੱਚੇ ਦੇ ਅਟੈਂਡੈਂਸ ਰਿਕਾਰਡਜ਼ ਵਿੱਚ ਰਿਕਾਰਡ (ਦਰਜ) ਕੀਤਾ ਜਾਏਗਾ।

ਹੋ ਸਕਦਾ ਹੈ ਕਿ ਪੇਰੈਂਟਸ ਆਪਣੇ ਬੱਚਿਆਂ ਨੂੰ ਹੋਰ ਆਥੋਰਾਈਜ਼ਡ ਕਾਰਨਾਂ ਕਰ ਕੇ ਸਕੂਲ ਤੋਂ ਬਾਹਰ ਲੈ ਕੇ ਜਾਣ ਜਿਵੇਂ ਕਿ ਧਾਰਮਿਕ ਛੁੱਟੀਆਂ, ਪਰਿਵਾਰਕ ਸ਼ਾਦੀਆਂ, ਸੋਗ ਅਤੇ ਹੋਰ ਪਰਿਵਾਰਕ ਜਾਂ ਤਰਸਭਾਵੀ ਕਾਰਨ। ਇਨ੍ਹਾਂ ਨੂੰ 'ਆਥੋਰਾਈਜ਼ਡ ਐਬਸੈਂਸ' ਦੇ ਤੌਰ ਤੇ ਰਿਕਾਰਡ (ਲਿਖਣਾ) ਕਰ ਲਿਆ ਜਾਏਗਾ। ਪੇਰੈਂਟਸ ਨੂੰ ਚਾਹੀਦਾ ਹੈ ਕਿ ਜਿੰਨੀ ਜਲਦੀ ਸੰਭਵ ਹੋ ਸਕੇ ਇਹੋ ਜਿਹੀਆਂ ਗੈਰ–ਹਾਜ਼ਰੀਆਂ ਬਾਰੇ ਸਕੂਲ ਨੂੰ ਸੂਚਿਤ ਕਰਨ ਤਾਂ ਜੋ ਗੈਰ–ਹਾਜ਼ਰੀ ਨੂੰ ਠੀਕ ਤਰ੍ਹਾਂ ਰਿਕਾਰਡ ਕੀਤਾ ਜਾਵੇ। ਜੇਕਰ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਕਿਸੇ ਗੈਰ–ਹਾਜ਼ਰੀ ਨੂੰ ਗਲਤ ਤਰੀਕੇ ਨਾਲ ਰਿਕਾਰਡ ਕੀਤਾ ਗਿਆ ਹੈ ਤਾਂ ਤੁਸੀਂ ਬਾਦ ਵਿੱਚ ਸਕੂਲੀ ਸਾਲ ਦੇ ਅੰਦਰ ਅੰਦਰ ਇਸ ਨੂੰ ਠੀਕ ਕਰਨ ਲਈ ਕਹਿ ਸਕਦੇ ਹੋ।

### ਹੋਰ ਅਸਾਧਾਰਣ ਹਾਲਤਾਂ ਲਈ ਗੈਰ–ਹਾਜ਼ਰੀ

ਸ਼ਾਇਦ ਹੋਰ ਗੈਰ–ਹਾਜ਼ਰੀ ਕੇਵਲ ਅਸਾਧਾਰਣ ਹਾਲਤਾਂ ਵਿੱਚ ਮਨਜ਼ੂਰ ਕੀਤੀ ਜਾ ਸਕੇ। ਜੇਕਰ ਪੇਰੈਂਟਸ ਅਸਾਧਾਰਣ ਹਾਲਤਾਂ ਲਈ ਸਕੂਲ ਵਿੱਚੋਂ ਦੋ ਹਫਤਿਆਂ ਤਕ ਦੀ ਗੈਰ–ਹਾਜ਼ਰੀ ਲਈ ਬੇਨਤੀ ਕਰਨਾ ਚਾਹੁਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਲਿੱਖ ਕੇ ਵੇਰਵੇ ਸਹਿਤ ਹੈੱਡ ਟੀਚਰ ਨੂੰ ਬੇਨਤੀ ਕਰਨ।

ਇਹੋ ਜਿਹੀ ਗੈਰ–ਹਾਜ਼ਰੀ ਨੂੰ ਚਿਲਡਰਨ ਐਂਡ ਫੈਮਲੀਜ਼ ਡਿਪਾਰਟਮੈਂਟ ਦੀ ਗਾਈਡਲਾਈਨਜ਼ ਅਨੁਸਾਰ ਮਨਜ਼ੂਰੀ ਦੇਣਾ ਹੈੱਡ ਟੀਚਰ ਦੀ ਡਿਸਕਰੈਸ਼ਨ (ਮਰਜ਼ੀ) ਤੇ ਹੈ। ਦੋ ਤੋਂ ਜ਼ਿਆਦਾ ਹਫਤਿਆਂ ਦੀ ਗੈਰ–ਹਾਜ਼ਰੀ ਲਈ ਕੀਤੀਆਂ ਗਈਆਂ ਬੇਨਤੀਆਂ ਨੂੰ ਚਿਲਡਰਨ ਐਂਡ ਫੈਮਲੀਜ਼ (ਐਜੂਕੇਸ਼ਨ) ਡਿਪਾਰਟਮੈਂਟ ਕੋਲ ਭੇਜਿਆ ਜਾਏਗਾ।

### ਅਣਅਧਿਕਾਰਿਤ ਗੈਰ–ਹਾਜ਼ਰੀ

ਜਿਹੜੀ ਗੈਰ–ਹਾਜ਼ਰੀ ਡਾਕਟਰੀ ਜਾਂ ਹੋਰ ਅਧਿਕਾਰਿਤ ਕਾਰਨਾਂ ਕਰਕੇ ਨਹੀਂ ਹੈ ਉਸ ਨੂੰ ਤੁਹਾਡੇ ਬੱਚੇ ਦੇ ਅਟੈਂਡੈਂਸ ਰਿਕਾਰਡ ਵਿੱਚ 'ਅਨਆਥੋਰਾਈਜ਼ਡ' ਤੌਰ ਤੇ ਰਿਕਾਰਡ ਕੀਤਾ ਜਾਏਗਾ।

### ਹੈਰੀਟੇਜ ਵਿਜ਼ਿਟਸ

ਹੈਰੀਟੇਜ (ਵਿਰਸਾ) ਵਿਜ਼ਿਟਸ ਬੱਚੇ ਜਾਂ ਨੌਜਵਾਨ ਬੱਚੇ ਦੀ ਜ਼ਬਾਨ, ਸਭਿਆਚਾਰਕ ਅਤੇ ਪਰਿਵਾਰਕ ਵਿਕਾਸ ਵਿੱਚ ਜ਼ਰੂਰੀ ਭਾਗ ਪਾ ਸਕਦੀਆਂ ਹਨ। ਜਿਹੜੇ ਪੇਰੈਂਟਸ ਆਪਣੇ ਮੂਲ ਵਾਲੇ ਪਰਿਵਾਰਕ ਦੇਸ਼ ਵਿੱਚ ਹੈਰੀਟੇਜ ਵਿਜ਼ਿਟ ਲਈ ਜਾਣ ਬਾਰੇ ਸੋਚ ਰਹੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਭ ਤੋਂ ਪਹਿਲੋਂ ਸਕੂਲ ਦੀਆਂ 12 ਹਫਤਿਆਂ ਵਾਲੀਆਂ ਸਲਾਨਾ ਛੁੱਟੀਆਂ ਵਿੱਚ ਵਿਜ਼ਿਟ ਕਰਨ ਜਾਣ ਦੀ ਕੋਸ਼ਿਸ਼ ਕਰਨ। ਜੇਕਰ ਇਹ ਸੰਭਵ ਨਾ ਹੋ ਸਕੇ ਤਾਂ ਜਿਥੋਂ ਤਕ ਸੰਭਵ ਹੋ ਸਕੇ ਤੁਹਾਨੂੰ ਇਸ ਪਲੈਂਡ (ਯੋਜਨਾਬੱਧ) ਗੈਰ–ਹਾਜ਼ਰੀ ਬਾਰੇ ਜਲਦੀ ਤੋਂ ਜਲਦੀ ਸਕੂਲ ਨਾਲ ਗੱਲ ਬਾਤ ਕਰਨੀ ਚਾਹੀਦੀ ਹੈ। ਆਪਣੀਆਂ ਯੋਜਨਾਵਾਂ ਬਾਰੇ ਸਕੂਲ ਨਾਲ ਗੱਲ ਬਾਤ ਕਰਨ ਨਾਲ ਤੁਹਾਡੇ ਬੱਚੇ ਦੀ ਪੜ੍ਹਾਈ ਵਿੱਚ ਘੱਟ ਵਿੱਘਣ ਪਵੇਗਾ ਅਤੇ ਇਸ ਤਰ੍ਹਾਂ ਸਕੂਲ ਇਸ ਵਿਜ਼ਿਟ ਨੂੰ ਵਿਦਿਅਕ ਤੌਰ ਤੇ ਬਹੁਤ ਵੱਧੀਆ ਬਣਾਉਣ ਦੇ ਯੋਗ ਹੋ ਜਾਵੇਗਾ। ਹੋ ਸਕਦਾ ਹੈ ਤੁਹਾਡੇ ਬੱਚੇ ਦੇ ਟੀਚਰ ਇਹੋ ਜਿਹੇ ਤਰੀਕਿਆਂ ਦਾ ਸੁਝਾਅ ਦੇ ਸਕਣ ਜਿਨ੍ਹਾਂ ਨਾਲ ਤੁਹਾਡਾ ਬੱਚਾ ਵਿਜ਼ਿਟ ਦੇ ਅਤੇ ਸਕੂਲ ਦੀ ਪੜ੍ਹਾਈ ਵਿੱਚ ਲਿੰਕ (ਸੰਬੰਧ) ਬਣਾ ਸਕੇ ਅਤੇ ਇਸ ਤਰ੍ਹਾਂ ਸਕੂਲ ਦੇ ਪਾਠਕ੍ਰਮ ਵਿੱਚ ਭਾਗ ਪਾ ਸਕੇ।